# ਅੰਮ੍ਰਿਤਸਰੀਆਂ ਲਈ ਸਲਾਈਸ ਲਿਆਇਆ ਮੈਂਗੋ ਵੋਲਵੋ ਬੱਸ

## ਬੱਸ 'ਚ ਆਉ ਤੇ ਮੁਫਤ 'ਚ ਅੰਬਾ ਦਾ ਮਜ਼ਾ ਲਵੋ

ਅੰਮ੍ਰਿਤਸਰ, 3 ਅਪਰੈਲ (ਹਰਪਾਲ ਸਿੰਘ ਪਾਲ)- ਗਰਮੀਆਂ ਦੀ ਸ਼ੁਰੂਆਤ ਸਲਾਈਸ ਨੇ ਇਕ ਅਨੋਖੇ ਤਰੀਕੇ ਨਾਲ ਕੀਤੀ ਹੈ। 2 ਤੋਂ 10 ਅਪ੍ਰੈਲ ਤਕ ਸਲਾਈਸ ਮੈਂਗੋ ਅੰਮ੍ਰਿਤਸਰੀਆਂ ਲਈ ਲੈ ਕੇ ਆਇਆ ਹੈ ਮੈਂਗੋ ਬਸ ਜਿਸ ਵਿਚ ਤੁਹਾਨੂੰ ਜਿਥੇ ਇਕ ਵਖਰਾ ਅਹਿਸਾਸ ਹੋਵੇਗਾ, ਉਥੇ ਹੀ ਤੁਹਾਨੂੰ ਮੁਫਤ ਚ ਅੰਬਾ ਦਾ ਰਸ ਵੀ ਪੀਣ ਲਈ ਮਿਲੇਗਾ। ਇਹ ਇਕ ਅਨੋਖੀ ਬਸ ਹੈ ਜੋ ਅੰਮ੍ਰਿਤਸਰ ਸ਼ਹਿਰ ਦੇ ਵਖ-2 ਹਿੱਸਿਆ ਚ ਘੁੰਮ ਕੇ ਲੋਕਾ ਨੂੰ ਮੈਂਗੋ ਸਲਾਈਸ ਨਾਲ ਪਹਿਚਾਨ ਕਰਵਾਏਗੀ। ਇੰਨਾ ਹੀ ਨਹੀਂ ਤੁਸੀ ਏਸੀ ਬਸ ਚ ਲਗੀ ਐਲਸੀਡੀ ਚ ਚਲਨ ਵਾਲੀ ਕੈਟਰੀਨਾ ਕੈਫ ਦੇ ਪ੍ਰੋਮੋ ਦੇ ਨਾਲ ਅੰਬਾ ਦੇ ਰਸ ਦਾ ਮਜਾ ਮੁਫਤ ਲੈ ਸਕਦੇ ਹੋ। ਇਸ ਲਈ ਤੁਸੀਂ ਆਪਣੇ ਰੁਝੇਵਿਆਂ ਭਰੇ ਪ੍ਰੋਗਰਾਮ ਵਿਚੋਂ ਕੁਝ ਟਾਈਮ ਕੱਢੋ ਅਤੇ ਮੈਂਗੋ ਸਲਾਈਸ ਦਾ ਸ਼ਾਨਦਾਰ ਸਵਾਦ ਹਾਸਲ ਕਰੋ। ਇਸ ਪ੍ਰੀਮੀਅਮ ਅਤੇ ਗਲੈਮਰਸ ਮੈਂਗੋ ਲਾਊਂਜ ਵਿਚ ਦਾਖਲਾ ਕਰਨ ਦਾ ਇਸ ਤੋਂ ਚੰਗਾ ਮੌਕੇ ਨਹੀਂ ਮਿਲੇਗਾ। ਬਸ ਵਿਚ ਜਾਣ ਤੋ ਪਹਿਲਾ ਤੁਹਾਨੂੰ ਮੈਂਗੋ ਸਲਾਈਸ ਦੇ ਗਲਾਸ ਦਿੱਤੇ ਜਾਣਗੇ। ਜਿਸ ਵਿਜੇਤਾ ਦੇ ਕੋਲ ਸਲਾਈਸ ਦੇ ਸਟੀਕਰ ਵਾਲਾ ਗਲਾਸ ਹੋਵੇਗਾ, ਉਸਨੂੰ ਬਸ ਚ ਜਾਣ ਦਾ ਮੋਕਾ ਮਿਲੇਗਾ। ਜਿਥੇਂ ਵੀ ਸਲਾਈਸ ਦੀ ਇਹ ਬਸ ਜਾ ਰਹੀ ਹੈ ਉਥੇ ਲੋਕਾ ਦੀ ਭੀੜ ਕੁਝ ਹੀ ਪਲਾਂ ਚ ਇੱਕਠੀ ਹੋ ਜਾਂਦੀ ਹੈ।

ਪੈਪਸੀਕੋ ਇੰਡੀਆ, ਜੂਸ ਐਂਡ ਸੂਜ ਡ੍ਰਿੰਕਸ , ਦੇ ਡਾਇਰੈਕਟਰ ਹੋਮੀ ਬਾਟੀਵਾਲਾ ਨੇ ਦਸਿੱਆ ਕਿ ਸਲਾਈਸ ਦੀ ਇਹ ਵੋਲਵੋ ਬਸ ਦੇਸ਼ ਦੇ ਕਈ ਰਾਜਾ ਦੇ ਲੱਖਾ ਲੋਕਾਂ ਨੂੰ ਅੰਬਾ ਦਾ ਸਵਾਦ ਦਿਵਾਉਣ ਤੋ ਬਾਅਦ ਪੰਜਾਬ ਅਤੇ ਹੁਣ ਅੰਮ੍ਰਿਤਸਰ ਪੁੱਜੀ ਹੈ। ਇਸ ਤੋ ਬਾਅਦ਼ ਇਹ ਪਠਾਨਕੋਟ ਜਾਵੇਗੀ ਤੇ ਉਥੇ ਦੇ ਲੋਕਾਂ ਨੂੰ ਅੰਬਾ ਦੇ ਸਵਾਦ ਤੋ ਜਾਣੂ ਕਰਵਾਏਗੀ। ਇਹ ਮੈਂਗੋ ਬਸ ਆਉਣ ਵਾਲੇ ਕੁੱਝ ਮਹੀਨਿਆ ਚ 15 ਲੱਖ ਤੋ ਵਧ ਅੰਬਾ ਦੇ ਰਸ ਦੇ ਸ਼ੋਕੀਨ ਲੋਕਾ ਨੂੰ ਮੁਫਤ ਚ ਇਸਦੇ ਸਵਾਦ ਨਾਲ ਜਾਣੂ ਕਰਵਾਏਗੀ। ਉਨਾ ਨੇ ਕਿਹਾ ਕਿ ਇਸ ਅਭਿਆਨ ਦੇ ਪਿੱਛੇ ਸਲਾਈਸ ਮਕਸਦ ਗਰਮੀਆਂ ਚ ਲੋਕਾ ਨੂੰ ਇਕ ਸਿਹਤਮੰਦ, ਸ਼ੁੱਧ ਅਤੇ ਸਵਾਦ ਦਿਸ਼ਟ ਡ੍ਰਿੰਕ



ਮੁਹਈਆ ਕਰਵਾਨਾ ਹੈ। ਇਸਲਈ ਲਾਊਂਜ ਵਿਚ ਆਉ ਅਤੇ ਤਾਜ਼ਗੀ ਵਾਲੇ ਮੈਂਗੋ ਸਲਾਈਸ ਮਾਕਟੇਲਸ ਨੂੰ ਇਕ ਠੰਡਕ ਭਰੇ ਮੈਂਗੋ ਮਹੌਲ ਵਿਚ ਪੀਓ ਅਤੇ ਆਨੰਦ ਹਾਸਿਲ ਕਰੋ। ਇਸ ਸਮੇਂ ਇਹ ਲਾਊਂਜ ਦੇਸ਼ ਦੇ 50 ਤੋਂ ਵਧੇਰੇ ਸ਼ਹਿਰਾਂ ਅਤੇ ਕਸਬਿਆਂ ਵਿਚ ਜਾਵੇਗਾ ਅਤੇ ਅਸੀਂ ਅੰਬ ਨਾਲ ਲੋਕਾਂ ਦੇ ਜੁੜੇ ਸਵਾਦ ਨੂੰ ਨਵੀਂ ਉਚਾਈ ਪ੍ਰਦਾਨ ਕਰਾਂਗੇ ਅਤੇ ਸਾਨੂੰ ਪੂਰਾ ਭਰੋਸਾ ਹੈ ਕਿ ਸਾਡੇ ਖਪਤਕਾਰ ਵੀ ਸਾਡੇ ਇਸ ਯਤਨ ਦੀ ਤਾਰੀਫ ਕਰਨਗੇ। ਲਾਊਂਜ ਵਿਚ ਆਪਣੇ ਤਜ਼ਰਬੇ ਨੂੰ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਵੀ ਵੰਡੋ ਅਤੇ ਆਪਣੇ ਸਪੈਸ਼ਲ ਮੈਂਗੋ ਮਾਕਟੇਲਸ ਨਾਲ ਉਨ੍ਹਾਂ ਨੂੰ ਪਾਰਟੀ ਦੇਵੋ ਜਾਂ ਮੈਂਗੋ ਸਲਾਈਸ ਦੀ ਇਕ ਬੋਤਲ ਖੋਲ੍ਹ ਕੇ ਉਸਦਾ ਆਨੰਦ ਲਵੋ।